**ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਮੀਮੋ ਨੰ ਸਸਅ/ਕੋਆਰਡੀਨੇਸ਼ਨ/2010/ 77062
ਮਿਤੀ ਚੰਡੀਗੜ੍ਹ 23.12.2010

**ਵਿਸ਼ਾ ਰਾਜ ਦੇ ਸਕੂਲਾਂ ਵਿੱਚ ਅਧਿਕਾਰੀਆਂ ਨੂੰ ਡਰਾਇੰਗ ਅਤੇ ਡਿਸਬਰਸਿੰਗ ਅਫਸਰਾਂ ਦੀਆਂ ਪਾਵਰਾਂ ਦੇਣ ਬਾਰੇ ।**

ਹਵਾਲਾ: ਮੀਮੋ ਨੰ ਸਸਅ/ਕੋਆਰਡੀਨੇਸ਼ਨ/09/76864 ਮਿਤੀ 20 ਨਵੰਬਰ, 2009

1.0 ਉਪਰੋਕਤ ਹਵਾਲੇ ਅਧੀਨ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਆਮ ਤੌਰ ਤੇ ਇਹ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਕੂਲ, ਵਿਸ਼ੇਸ਼ ਕਰਕੇ, ਸਰਕਾਰੀ ਸੀਨੀਅਰ ਸੈਕੰਡਰੀ, ਹਾਈ ਅਤੇ ਮਿਡਲ ਸਕੂਲਾਂ ਵਿੱਚ ਕੁੱਝ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਬਿਨਾਂ ਕਿਸੇ ਕਾਰਣ ਦੇ ਜੂਨੀਅਰ ਅਧਿਕਾਰੀ ਨੂੰ ਡੀ.ਡੀ.ਓ. ਪਾਵਰਾਂ ਦੇ ਦਿੱਤੀਆਂ ਜਾਂਦੀਆਂ ਹਨ, ਜਿਸ ਕਰਕੇ ਸਕੂਲਾਂ ਦੇ ਕੰਟਰੋਲ ਵਿੱਚ ਘਾਟ ਮਹਿਸੂਸ ਕੀਤੀ ਜਾਂਦੀ ਰਹੀਂ ਹੈ । ਇਸ ਮੁੱਦੇ ਤੇ ਬਹੁਤ ਸ਼ਿਕਾਇਤਾਂ ਵੀ ਪ੍ਰਾਪਤ ਹੁੰਦੀਆਂ ਰਹੀਆਂ ਹਨ ਕਿ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਜੂਨੀਅਰ ਅਧਿਕਾਰੀ ਨੂੰ ਡੀ.ਡੀ.ਓ. ਪਾਵਰਾਂ ਆਪਣੀ ਮਰਜ਼ੀ ਨਾਲ ਦੇ ਦਿੱਤੀਆਂ ਜਾਂਦੀਆਂ ਹਨ। ਭਾਵੇਂ ਕਿ ਇਸ ਬਾਰੇ ਲੋੜੀਂਦੀ ਹਦਾਇਤਾਂ ਸਰਕਾਰ ਦੁਆਰਾ ਪਹਿਲਾਂ ਵੀ ਜਾਰੀ ਕੀਤੀਆ ਗਈਆਂ ਹਨ ਪਰੰਤੂ ਇਨ੍ਹਾਂ ਹਦਾਇਤਾਂ ਦੀ ਪਾਲਣਾ ਯਕੀਨੀ ਨਹੀਂ ਬਣਾਈ ਜਾਂਦੀ।

3.0 ਇਸ ਸਬੰਧ ਵਿੱਚ ਆਪ ਜੀ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਕਿਸੇ ਵੀ ਸਕੂਲ ਦੇ ਵਿੱਚ ਸਭ ਤੋਂ ਸੀਨੀਅਰ ਅਧਿਕਾਰੀ ਨੂੰ ਹੀ ਡੀ.ਡੀ.ਓ. ਪਾਵਰਾਂ ਦਿੱਤੀਆਂ ਜਾਣ। ਜੇਕਰ ਕਿਸੀ ਸੀਨੀਅਰ ਅਧਿਕਾਰੀ ਵੱਲੋਂ ਡੀ.ਡੀ.ਓ. ਪਾਵਰਾਂ ਲੈਣ ਵਿੱਚ ਅਸਮੱਰਥਤਾਂ ਵਿਖਾਈ ਜਾਂਦੀ ਹੈ ਤਾਂ ਉਹਨਾਂ ਹਾਲਤਾਂ ਵਿੱਚ ਉਸ ਅਧਿਕਾਰੀ ਤੋਂ ਐਗਜੈਕਟਿਵ ਮੈਜੀਸਟ੍ਰੇਟ ਵੱਲੋਂ ਤਸਦੀਕ-ਸ਼ੁਦਾ ਹਲਫੀਆ ਬਿਆਨ ਲਿਆ ਜਾਵੇ ਕਿ ਉਹ ਜੂਨੀਅਰ ਅਧਿਕਾਰੀ ਦੇ ਹੇਠਾਂ ਕੰਮ ਕਰੇਗਾ ਅਤੇ ਨਾਲ ਹੀ ਉਹ ਡੀ.ਡੀ.ਓ. ਪਾਵਰਾਂ ਲੈਣ ਵਿੱਚ ਆਪਣੀ ਅਸਮੱਰਥਤਾਂ ਦੇ ਕਾਰਨ ਵੀ ਦੱਸੇਗਾ। ਆਪਣੇ ਹਲਫੀਆਂ ਬਿਆਨ ਵਿੱਚ ਉਸ ਵੱਲੋ ਇਹ ਵੀ ਸਾਫ-ਸਾਫ ਲਿਖਿਆ ਜਾਵੇਗਾ ਕਿ ਉਸ ਨੂੰ ਆਪਣੇ ਤੋਂ ਜੂਨੀਅਰ ਅਧਿਕਾਰੀ ਹੇਠਾਂ ਕੰਮ ਕਰਨ ਵਿੱਚ ਅਤੇ ਜੂਨੀਅਰ ਅਧਿਕਾਰੀ ਵੱਲੋਂ ਉਸ ਦੀ ਸਾਲਾਨਾ ਰਿਪੋਰਟ ਲਿਖੇ ਜਾਣ ਵਿੱਚ ਉਸ ਨੂੰ ਕੋਈ ਇਤਰਾਜ ਨਹੀਂ ਹੋਵੇਗਾ। ਇਸ ਦੇ ਨਾਲ ਹੀ ਜ਼ਿਲ੍ਹਾ ਸਿੱਖਿਆ ਅਫਸਰਾਂ ਦੁਆਰਾ ਕਿਸੇ ਸੀਨੀਅਰ ਅਧਿਕਾਰੀ ਨੂੰ ਡੀ.ਡੀ.ਓ. ਪਾਵਰਾਂ ਦੇਣ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਉਸ ਅਧਿਕਾਰੀ ਵਿਰੁੱਧ ਕੋਈ ਵਿਭਾਗੀ ਕਾਰਵਾਈ, ਚਾਰਜ-ਸ਼ੀਟ, ਸ਼ੋ ਕਾਜ਼ ਨੋਟਿਸ ਆਦਿ ਲੰਬਤ ਨਹੀਂ ਹੈ। ਇਹੋ ਜਿਹੇ ਕੇਸਾਂ ਵਿੱਚ ਡੀ.ਡੀ.ਓ. ਪਾਵਰਾਂ ਦੇਣ ਲਈ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਮੁੱਖ ਦਫਤਰ ਨੂੰ ਵੱਖਰੇ ਤੌਰ ਤੇ ਕੇਸ ਬਾਰੇ ਪੱਤਰ ਲਿਖ ਕੇ ਅਗਵਾਈ ਲੈ ਲਈ ਜਾਵੇ ।

4.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਹਦਾਇਤਾਂ ਆਪਣੇ ਜ਼ਿਲ੍ਹੇ ਦੇ ਸਾਰੇ ਸਕੂਲ ਮੁੱਖੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ ਅਤੇ

ਉਹਨਾਂ ਤੋਂ ਇਹ ਤਸਦੀਕ ਵੀ ਕਰਵਾ ਲਿਆ ਜਾਵੇ ਤਾਂ ਜੋ ਬਾਅਦ ਵਿੱਚ ਜੂਨੀਅਰ ਕਰਮਚਾਰੀ ਦੁਆਰਾ ਸੀਨੀਅਰ ਕਰਮਚਾਰੀ ਦੀ ਸਾਲਾਨਾ ਗੁਪਤ ਰਿਪੋਰਟ ਲਿਖਣ ਸਮੇਂ ਕੋਈ ਵਾਦ-ਵਿਵਾਦ ਪੈਦਾ ਨਾ ਹੋਵੇ ।

5.0 ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ਜੀ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਪਿਠ ਅੰਕਣ ਨੰ ਸਸਅ/ਕੋਆਰਡੀਨੇਸ਼ਨ/2010/ ਉਕਤ ਮਿਤੀ: 23.12.2010

ਇਸ ਦਾ ਉਤਾਰਾਂ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

(1) ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ ਨੂੰ ਭੇਜਦੇ ਹੋਇਆ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ-ਆਪਣੇ ਮੰਡਲ ਦੇ ਸਕੂਲਾਂ ਵਿੱਚ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਵਾਈ ਜਾਵੇ ।

(2) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਨੂੰ ਲਿਖਿਆ ਜਾਂਦਾ ਹੈ ਕਿ ਉਹ ਆਪਣੇ-ਆਪਣੇ ਜ਼ਿਲ੍ਹੇ ਦੇ ਸੈਂਟਰ ਹੈੱਡ ਟੀਚਰ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਨੂੰ ਚਾਰਜ ਦੇਣ ਲਈ ਇਹ ਯਕੀਨੀ ਬਨਾਉਣ ਕਿ ਸਾਰੇ ਕਰਮਚਾਰੀਆਂ ਦੀ ਸੀਨੀਆਰਤਾ ਜ਼ਿਲ੍ਹਾ ਪੱਧਰ ਤੇ ਬਣਾਉਣ ਉਪਰੰਤ ਸਿਰਫ ਸੀਨੀਅਰ ਅਧਿਕਾਰੀ ਨੂੰ ਹੀ ਖਾਲੀ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੀ ਅਸਾਮੀ ਤੇ ਚਾਰਜ ਦਿੱਤਾ ਗਿਆ ਹੈ। ਜੇਕਰ ਕਿਸੀ ਵੀ ਸੂਰਤ ਵਿੱਚ ਸਰਕਾਰ ਦੇ ਧਿਆਨ ਵਿੱਚ ਇਹ ਗੱਲ ਆਉਂਦੀ ਹੈ ਕਿ ਕਿਸੀ ਜੂਨੀਅਰ ਅਧਿਕਾਰੀ ਨੂੰ ਜ਼ਿਲ੍ਹੇ ਵਿੱਚ ਖਾਲੀ ਪਈ ਅਸਾਮੀ ਦਾ ਚਾਰਜ ਦਿੱਤਾ ਗਿਆ ਹੈ ਤਾਂ ਇਸ ਨੂੰ ਸਰਕਾਰੀ ਹਦਾਇਤਾਂ ਦੀ ਉਲੰਘਣਾ ਸਮਝਿਆ ਜਾਵੇਗਾ ।

(1) ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਚੰਡੀਗੜ੍ਹ

(2) ਡਾਇਰੈਕਟਰ, ਸਿੱਖਿਆ ਵਿਭਾਗ (ਐ.ਸਿ.) ਪੰਜਾਬ, ਚੰਡੀਗੜ੍ਹ

(3) ਡੀ.ਐਮ. (ਐਮ.ਆਈ.ਐਸ.) ਨੂੰ ਵੈੱਬ ਸਾਈਟ ਤੇ ਪਾਉਣ ਲਈ ।

(4) ਪੰਜਾਬ ਰਾਜ ਦੇ ਸਾਰੇ ਸਕੂਲ ਮੁੱਖੀਆਂ ਨੂੰ (ਵੈੱਬ ਸਾਈਟ ਰਾਹੀਂ)

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ